PICAC NT
Partners in Culturally Appropriate Care

# ਹੋਮ ਕੇਅਰ ਸੇਵਾਵਾਂ ਲਈ ਇਕਰਾਰਨਾਮੇ ‘ਤੇ ਦਸਤਖ਼ਤ ਕਰਨਾ



**ਹੋਮ ਕੇਅਰ ਪੈਕੇਜ (Home Care Package) ਇਹ ਯਕੀਨੀ ਬਣਾ ਸਕਦਾ ਹੈ ਕਿ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਾਪਤ ਹੋਣ।**

ਹੋਮ ਕੇਅਰ ਸੇਵਾਵਾਂ ਦੀ ਸਪਲਾਈ ਲਈ ਕਿਸੇ ਸੇਵਾ ਪ੍ਰਦਾਤਾ ਨਾਲ ਇਕਰਾਰਨਾਮੇ ‘ਤੇ ਦਸਤਖ਼ਤ ਕਰਨ ਤੋਂ ਪਹਿਲਾਂ, ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਤੋਂ ਜਾਣੂ ਹੋ।

**ਤੁਹਾਨੂੰ ਲੋੜ ਹੈ:**

1. ਆਪਣੇ ਅਧਿਕਾਰਾਂ ਨੂੰ ਸਮਝਣ ਦੀ[1]।
2. ਇਹ ਜਾਣਨ ਦੀ ਕਿ ਤੁਹਾਡੇ ਹੋਮ ਕੇਅਰ ਪ੍ਰਦਾਤਾ ਦੁਆਰਾ ਤੁਹਾਡੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।
3. ਜੇਕਰ ਤੁਹਾਨੂੰ ਕੋਈ ਸਮੱਸਿਆਵਾਂ ਹਨ, ਤਾਂ ਆਪਣੇ ਪ੍ਰਦਾਤਾ ਨਾਲ ਗੱਲ ਕਰੋ।
4. ਤੁਹਾਡੀਆਂ ਤੁਹਾਡੇ ਦੁਆਰਾ ਚੁਣੇ ਗਏ ਘਰੇਲੂ ਦੇਖਭਾਲ ਪ੍ਰਦਾਤਾ ਪ੍ਰਤੀ ਵੀ ਜ਼ਿੰਮੇਵਾਰੀਆਂ ਹਨ।
5. ਸਤਿਕਾਰ ਕਰੋ ਅਤੇ ਵਿਚਾਰਸ਼ੀਲ ਬਣੋ।
6. ਤੁਹਾਡੀ ਮੱਦਦ ਕਰਨ ਲਈ ਪ੍ਰਦਾਤਾਵਾਂ ਅਤੇ ਉਨ੍ਹਾਂ ਦੇ ਸਟਾਫ਼ ਨੂੰ ਸੁਰੱਖਿਅਤ ਜਗ੍ਹਾ ਪ੍ਰਦਾਨ ਕਰੋ।
7. ਜੇਕਰ ਤੁਹਾਡੀ ਸਿਹਤ ਵਿੱਚ ਬਦਲਾਅ ਆਉਂਦਾ ਹੈ ਤਾਂ ਆਪਣੇ ਹੋਮ ਕੇਅਰ ਪੈਕੇਜ ਵਿੱਚ ਬਦਲਾਅ ਲਈ ਖੁੱਲ੍ਹੇ ਵਿਚਾਰ ਰੱਖੋ।
8. ਆਪਣੇ ਪ੍ਰਦਾਤਾ ਨੂੰ ਸਹਿਮਤੀ ਹੋਏ ਅਨੁਸਾਰ ਆਪਣੀਆਂ ਹੋਮ ਕੇਅਰ ਫ਼ੀਸਾਂ ਦਾ ਭੁਗਤਾਨ ਕਰੋ।

[1]Home Care Packages Program Manual for Care Recipients, (ਦੇਖਭਾਲ ਪ੍ਰਾਪਤ ਕਰਨ ਵਾਲਿਆਂ ਲਈ ਹੋਮ ਕੇਅਰ ਪੈਕੇਜ ਪ੍ਰੋਗਰਾਮ ਕਿਤਾਬਚਾ) ਸੰਸਕਰਣ 1.4, ਜਨਵਰੀ 2023

COTA NORTHERN TERRITORY
for senior Territorians
(08) 8941 1004
www.cotant.org.au/picac/contact-picac-nt

PICAC NT
Partners in Culturally Appropriate Care

# ਹੋਮ ਕੇਅਰ ਸੇਵਾਵਾਂ ਲਈ ਇਕਰਾਰਨਾਮੇ ‘ਤੇ ਦਸਤਖ਼ਤ ਕਰਨਾ

## ਇਕਰਾਰਨਾਮੇ ‘ਤੇ ਦਸਤਖ਼ਤ ਕਰਨ ਤੋਂ ਪਹਿਲਾਂ

**ਕਿਸੇ ਵੀ ਇਕਰਾਰਨਾਮੇ ‘ਤੇ ਦਸਤਖ਼ਤ ਕੀਤੇ ਜਾਣ ਤੋਂ ਪਹਿਲਾਂ ਤੁਹਾਡੇ ਕੋਲ ਅਧਿਕਾਰ ਹਨ।**
**ਤੁਸੀਂ ਜਿਸ ਇਕਰਾਰਨਾਮੇ ‘ਤੇ ਦਸਤਖ਼ਤ ਕਰ ਰਹੇ ਹੋ, ਤੁਹਾਨੂੰ ਉਸਦੀ ਸਪੱਸ਼ਟ ਸਮਝ ਹੋਣੀ ਚਾਹੀਦੀ ਹੈ।**

### ਜਾਂਚ ਕਰਨ ਲਈ ਕੁੱਝ ਗੱਲਾਂ

| | | ਹਾਂ | ਨਹੀਂ |
|---|---|---|---|
| 1. | ਕੀ ਤੁਹਾਨੂੰ ਸੇਵਾ ਪ੍ਰਦਾਤਾ ਦੁਆਰਾ ਇਸ ਸੇਵਾ ਬਾਰੇ ਇਕਰਾਰਨਾਮੇ, ਫਲਾਇਰ ਅਤੇ ਕਿਤਾਬਚੇ ਦੀ ਇੱਕ ਕਾਪੀ ਸਾਦੀ, ਔਖੀ ਸ਼ਬਦਾਵਲੀ-ਮੁਕਤ ਅੰਗਰੇਜ਼ੀ ਵਿੱਚ ਦਿੱਤੀ ਗਈ ਹੈ? | ☐ | ☐ |
| 2. | ਕੀ ਤੁਹਾਨੂੰ ਪੰਜਾਬੀ ਵਿੱਚ ਆਪਣੇ ਸੇਵਾ ਪ੍ਰਦਾਤਾ ਦੁਆਰਾ ਪ੍ਰਦਾਨ ਕੀਤੇ ਗਏ ਸਾਰੇ ਦਸਤਾਵੇਜ਼ਾਂ ਦੀ ਇੱਕ ਕਾਪੀ ਮਿਲੀ ਹੈ? | ☐ | ☐ |
| 3. | ਕੀ ਤੁਹਾਨੂੰ ਇਕਰਾਰਨਾਮੇ ‘ਤੇ ਦਸਤਖ਼ਤ ਕਰਨ ਲਈ ਨਿਯਤ ਕੀਤੀ ਗਈ ਮੀਟਿੰਗ ਤੋਂ ਘੱਟੋ-ਘੱਟ ਇੱਕ ਹਫ਼ਤਾ ਪਹਿਲਾਂ ਇਸ ਇਕਰਾਰਨਾਮੇ ਦੀ ਇੱਕ ਕਾਪੀ (ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਵਿੱਚ) ਮਿਲੀ ਸੀ? * | ☐ | ☐ |
| 4. | ਕੀ ਇਸ ਇਕਰਾਰਨਾਮੇ ਵਿੱਚ ਸੇਵਾ ਪ੍ਰਦਾਤਾ ਦੁਆਰਾ ਦਸਤਖ਼ਤ ਕਰਨ ਉਪਰੰਤ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸਪੱਸ਼ਟ ਸੂਚੀ ਹੈ? | ☐ | ☐ |
| 5. | ਕੀ ਇਸ ਇਕਰਾਰਨਾਮੇ ਵਿੱਚ ਉਨ੍ਹਾਂ ਸਾਰੀਆਂ ਸੰਭਾਵੀ ਸੇਵਾਵਾਂ ਦਾ ਜ਼ਿਕਰ ਹੈ ਜੋ ਤੁਹਾਡੇ ਹੋਮ ਕੇਅਰ ਮੁਲਾਂਕਣ ਦੇ ਆਧਾਰ ‘ਤੇ ਸੇਵਾ ਪ੍ਰਦਾਤਾ ਦੁਆਰਾ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, (ਭਾਵੇਂ ਕਿ ਤੁਸੀਂ ਅਜੇ ਉਨ੍ਹਾਂ ਵਿੱਚ ਦਿਲਚਸਪੀ ਨਾ ਰੱਖਦੇ ਹੋਵੋ)? | ☐ | ☐ |
| 6. | ਕੀ ਤੁਸੀਂ ਫ਼ੀਸ ਭੁਗਤਾਨ ਕਰਨ ਲਈ ਆਪਣੀ ਤਰਜੀਹੀ ਵਿਧੀ (ਜਿਵੇਂ ਕਿ ਡਾਇਰੈਕਟ ਡੈਬਿਟ, ਸੈਂਟਰਲਿੰਕ (Centrelink) ਕਟੌਤੀਆਂ, ਜਾਂ ਮਹੀਨਾਵਾਰ ਪੈਸੇ ਟ੍ਰਾਂਸਫਰ ਕਰਨ) ‘ਤੇ ਵਿਚਾਰ ਕੀਤਾ ਹੈ? | ☐ | ☐ |
| 7. | ਕੀ ਤੁਹਾਨੂੰ ਸੇਵਾ ਪ੍ਰਦਾਤਾ ਨਾਲ ਗੱਲਬਾਤ ਕਰਨ ਦੌਰਾਨ ਅਨੁਵਾਦ ਕਰਨ ਲਈ ਪੇਸ਼ੇਵਰ ਦੁਭਾਸ਼ੀਏ ਦੀ ਪੇਸ਼ਕਸ਼ ਕੀਤੀ ਗਈ ਸੀ, ਪਰਿਵਾਰਕ ਮੈਂਬਰਾਂ ਨੂੰ ਛੱਡ ਕੇ?* | ☐ | ☐ |
| 8. | ਕੀ ਤੁਹਾਡੇ ਕੋਲ ਸੇਵਾ ਪ੍ਰਦਾਤਾ ਨਾਲ ਇਸ ਇਕਰਾਰਨਾਮੇ ਦੀ ਸਮੀਖਿਆ ਕਰਨ ਅਤੇ ਆਪਣੇ ਸਾਰੇ ਸਵਾਲਾਂ ਦਾ ਜਵਾਬ ਪ੍ਰਾਪਤ ਕਰਨ ਲਈ ਸਮਾਂ ਸੀ? | ☐ | ☐ |
| 9. | ਕੀ ਤੁਹਾਨੂੰ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਵਿੱਚ ‘ਬਿਰਧ ਦੇਖਭਾਲ ਅਧਿਕਾਰਾਂ ਦੇ ਚਾਰਟਰ’ (Charter of Aged Care Rights) ਦੀ ਕਾਪੀ ਮਿਲੀ ਹੈ? | ☐ | ☐ |

**ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਕਥਨ ਦਾ ਜਵਾਬ ‘ਨਾਂਹ’ ਵਿੱਚ ਦਿੱਤਾ ਹੈ, ਤਾਂ ਤੁਹਾਡੇ ਕੋਲ ਆਪਣੇ ਸੇਵਾ ਪ੍ਰਦਾਤਾ ਤੋਂ ਹੋਰ ਜਾਣਕਾਰੀ ਮੰਗਣ ਦਾ ਅਧਿਕਾਰ ਹੈ।**

* ਪੇਸ਼ੇਵਰ ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਤੁਹਾਡੇ ਅਤੇ ਸੇਵਾ ਪ੍ਰਦਾਤਾ ਲਈ **ਮੁਫ਼ਤ** ਹਨ।

ਇਹ ਪ੍ਰਕਾਸ਼ਨ COTA NT ਦੁਆਰਾ ਬਣਾਇਆ ਗਿਆ ਸੀ, ਜੋ ਕਿ ਸਿਹਤ ਅਤੇ ਬਿਰਧ ਦੇਖਭਾਲ ਵਿਭਾਗ ਦੇ ਵਿੱਤੀ ਯੋਗਦਾਨ ਦੁਆਰਾ ਸਹਾਇਤਾ ਪ੍ਰਾਪਤ ਹੈ।ਇਸ ਦੇ ਸੰਪਾਦਨ ਯੋਗ ਸੰਸਕਰਣ ਲਈ, ਕਿਰਪਾ ਕਰਕੇ PICAC ਮੈਨੇਜਰ ਨਾਲ ਸੰਪਰਕ ਕਰੋ।

COTA NORTHERN TERRITORY
*for senior Territorians*

(08) 8941 1004
www.cotant.org.au/picac/contact-picac-nt